ਮਿੱਠੇ ਬੱਚੇ:- ਤੁਸੀਂ ਇਸ ਸਮੇਂ ਬਾਪ ਦੇ ਨਾਲ ਸੇਵਾ ਵਿੱਚ ਮਦਦਗਾਰ ਬਣੇ ਹੋ ਇਸ ਲਈ ਤੁਹਾਡਾ ਸਿਮਰਨ ਹੁੰਦਾ ਹੈ , ਪੂਜਨ ਨਹੀਂ , ਕਿਉਂਕਿ ਸ਼ਰੀਰ ਅਪਵਿੱਤਰ ਹੈ "

ਪ੍ਰਸ਼ਨ:- ਕਿਹੜਾ ਨਸ਼ਾ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਨਿਰੰਤਰ ਰਹਿਣਾ ਚਾਹੀਦਾ ਹੈ?

ਉੱਤਰ:- ਅਸੀਂ ਸ਼ਿਵਬਾਬਾ ਦੇ ਬੱਚੇ ਹਾਂ, ਉਨ੍ਹਾਂ ਤੋਂ ਰਾਜਯੋਗ ਸਿੱਖ ਸ੍ਵਰਗ ਦੀ ਰਾਜਾਈ ਦਾ ਵਰਸਾ ਲੈਂਦੇ ਹਾਂ, ਇਹ ਨਸ਼ਾ ਤੁਹਾਨੂੰ ਨਿਰੰਤਰ ਰਹਿਣਾ ਚਾਹੀਦਾ ਹੈ। ਵਿਸ਼ਵ ਦਾ ਮਾਲਿਕ ਬਣਨਾ ਹੈ ਤਾਂ ਬਹੁਤ ਖਬਰਦਾਰੀ ਨਾਲ ਪੜ੍ਹਨਾ ਅਤੇ ਪੜ੍ਹਾਉਣਾ ਹੈ। ਕਦੀ ਵੀ ਬਾਪ ਦੀ ਨਿੰਦਾ ਨਹੀਂ ਕਰਾਉਣੀ ਹੈ। ਕਿਸੇ ਨਾਲ ਵੀ ਲੜਨਾ ਝਗੜਨਾ ਨਹੀਂ ਹੈ। ਤੁਸੀਂ ਕੌਡੀ ਤੋਂ ਹੀਰੇ ਵਰਗਾ ਬਣਦੇ ਹੋ ਤਾਂ ਚੰਗੀ ਤਰ੍ਹਾਂ ਧਾਰਨਾ ਕਰਨੀ ਹੈ।

ਗੀਤ:- ਜੋ ਪੀਆ ਕੇ ਸਾਥ ਹੈ...

ਓਮ ਸ਼ਾਂਤੀ। ਬੱਚਿਆਂ ਨੇ ਸਮਝਿਆ। ਜੋ ਬਾਪ ਦੇ ਨਾਲ ਹਨ ਉਹ ਬਾਪਦਾਦਾ ਦੇ ਨਾਲ ਹਨ। ਹੁਣ ਤਾਂ ਡਬਲ ਹਨ ਨਾ। ਇਹ ਚੰਗੀ ਤਰ੍ਹਾਂ ਸਮਝਾਇਆ ਜਾਂਦਾ ਹੈ - ਬ੍ਰਹਮਾ ਦਵਾਰਾ ਪਰਮਪਿਤਾ ਪਰਮਾਤਮਾ ਸ਼ਿਵ ਸਥਾਪਨਾ ਕਿਵੇਂ ਕਰਨਗੇ? ਉਹ ਤਾਂ ਜਾਣਦੇ ਨਹੀਂ ਹਨ। ਤੁਸੀਂ ਬੱਚੇ ਹੀ ਜਾਣਦੇ ਹੋ ਉਨ੍ਹਾਂ ਨੂੰ ਆਪਣਾ ਸ਼ਰੀਰ ਹੈ ਨਹੀਂ। ਕ੍ਰਿਸ਼ਨ ਨੂੰ ਤਾਂ ਆਪਣਾ ਸ਼ਰੀਰ ਹੈ। ਇਵੇਂ ਤਾਂ ਕਿਹਾ ਨਹੀਂ ਜਾ ਸਕਦਾ ਕਿ ਪਰਮਾਤਮਾ ਸ੍ਰੀਕ੍ਰਿਸ਼ਨ ਦੇ ਸ਼ਰੀਰ ਦਵਾਰਾ...ਨਹੀਂ। ਕ੍ਰਿਸ਼ਨ ਤਾਂ ਹੈ ਸਤਿਯੁਗ ਦਾ ਪ੍ਰਿੰਸ। ਪਰਮਪਿਤਾ ਪਰਮਾਤਮਾ ਬ੍ਰਹਮਾ ਦਵਾਰਾ ਸਥਾਪਨਾ ਕਰਾਉਂਦੇ ਹਨ ਤਾਂ ਜਰੂਰ ਬ੍ਰਹਮਾ ਵਿੱਚ ਪ੍ਰਵੇਸ਼ ਕਰਨਾ ਪਵੇ। ਹੋਰ ਕੋਈ ਉਪਾਏ ਹੈ ਨਹੀਂ। ਪ੍ਰੇਰਨਾ ਆਦਿ ਦੀ ਗੱਲ ਨਹੀਂ। ਬਾਪ ਬ੍ਰਹਮਾ ਦਵਾਰਾ ਸਭ ਸਮਝਾ ਦਿੰਦੇ ਹਨ। ਵਿਜੇ ਮਾਲਾ ਜਿਸ ਨੂੰ ਰੁਦ੍ਰ ਮਾਲਾ ਕਿਹਾ ਜਾਂਦਾ ਹੈ। ਜੋ ਮਨੁੱਖ ਪੂਜਦੇ ਹਨ, ਸਿਮਰਦੇ ਹਨ। ਤੁਸੀਂ ਬੱਚੇ ਸਮਝਦੇ ਹੋ ਇਹ ਰੁਦ੍ਰ ਮਾਲਾ ਸਿਰਫ ਸਿਮਰੀ ਜਾਂਦੀ ਹੈ। ਮੇਰੁ ਤਾਂ ਕਿਹਾ ਜਾਂਦਾ ਹੈ ਬ੍ਰਹਮਾ ਸਰਸਵਤੀ ਨੂੰ। ਬਾਕੀ ਮਾਲਾ ਹੋਈ ਬੱਚਿਆਂ ਦੀ। ਵਿਸ਼ਨੂੰ ਦੀ ਮਾਲਾ ਤਾਂ ਇੱਕ ਹੈ, ਪੂਜੀ ਜਾ ਸਕਦੀ ਹੈ। ਇਸ ਸਮੇਂ ਤੁਸੀਂ ਪੁਰਸ਼ਾਰਥੀ ਹੋ। ਤੁਹਾਡਾ ਸਿਮਰਨ ਹੁੰਦਾ ਹੈ ਅੰਤ ਵਿੱਚ। ਆਤਮਾਵਾਂ ਦੀ ਮਾਲਾ ਹੈ ਜਾਂ ਜੀਵ ਆਤਮਾਵਾਂ ਦੀ? ਪ੍ਰਸ਼ਨ ਉੱਠੇਗਾ ਨਾ। ਵਿਸ਼ਨੂੰ ਦੀ ਮਾਲਾ ਤਾਂ ਕਹਿਣਗੇ ਚੇਤੰਨ ਜੀਵ ਆਤਮਾਵਾਂ ਦੀ ਮਾਲਾ। ਲਕਸ਼ਮੀ ਨਾਰਾਇਣ ਪੂਜੇ ਜਾਂਦੇ ਹਨ ਨਾ ਕਿਉਂਕਿ ਉਨ੍ਹਾਂ ਦੀ ਆਤਮਾ ਅਤੇ ਸ਼ਰੀਰ ਦੋਨੋਂ ਪਵਿੱਤਰ ਹਨ। ਰੁਦ੍ਰ ਮਾਲਾ ਉਹ ਤਾਂ ਸਿਰਫ ਆਤਮਾਵਾਂ ਦੀ ਹੈ ਕਿਉਂਕਿ ਸ਼ਰੀਰ ਤਾਂ ਅਪਵਿੱਤਰ ਹੈ। ਉਹ ਤਾਂ ਪੂਜੇ ਨਹੀਂ ਜਾ ਸਕਦੇ। ਆਤਮਾ ਕਿਵੇਂ ਪੂਜੀ ਜਾਂਦੀ ਹੈ? ਤੁਸੀਂ ਕਹਿੰਦੇ ਹੋ ਰੁਦ੍ਰ ਮਾਲਾ ਪੂਜੀ ਜਾਂਦੀ ਹੈ। ਪਰ ਨਹੀਂ, ਪੂਜੀ ਨਹੀਂ ਜਾਂਦੀ। ਜਦੋਂ ਨਾਮ ਹੀ ਹੈ ਸਿਮਰਨੀ। ਜੋ ਵੀ ਦਾਨੇ ਹਨ ਉਹ ਤੁਸੀਂ ਬੱਚਿਆਂ ਦੇ ਸਿਮਰਨ ਹੁੰਦੇ ਹਨ, ਜਦੋਂ ਸ਼ਰੀਰ ਵਿੱਚ ਹਨ। ਦਾਣੇ ਤਾਂ ਬ੍ਰਾਹਮਣਾਂ ਦੇ ਹਨ। ਸਿਮਰਨ ਕਿਸ ਨੂੰ ਕਰਦੇ ਹਨ? ਇਹ ਤਾਂ ਕਿਸੇ ਨੂੰ ਪਤਾ ਨਹੀਂ ਹੈ। ਇਹ ਹੈ ਬ੍ਰਾਹਮਣ ਜੋ ਭਾਰਤ ਦੀ ਸੇਵਾ ਕਰਦੇ ਹਨ। ਉਨ੍ਹਾਂ ਨੂੰ ਯਾਦ ਕਰਦੇ ਹਨ। ਜਗਤ ਅੰਬਾ ਦੇਵੀਆਂ ਆਦਿ ਬਹੁਤ ਹਨ, ਉਨ੍ਹਾਂ ਨੂੰ ਯਾਦ ਕਰਨਾ ਚਾਹੀਦਾ ਹੈ? ਪੂਜਨ ਲਾਇਕ ਲਕਸ਼ਮੀ - ਨਾਰਾਇਣ ਬਣਦੇ ਹਨ। ਤੁਸੀਂ ਨਹੀਂ, ਕਿਉਂਕਿ ਤੁਹਾਡੇ ਸ਼ਰੀਰ ਪਤਿਤ ਹਨ। ਆਤਮਾ ਪਵਿੱਤਰ ਹੈ ਪਰ ਉਹ ਪੂਜੀ ਨਹੀਂ ਜਾ ਸਕਦੀ ਹੈ, ਸਿਮਰੀ ਜਾ ਸਕਦੀ ਹੈ। ਕੋਈ ਵੀ ਤੁਹਾਨੂੰ ਪੁੱਛੇ ਤਾਂ ਸਮਝਿਆ ਹੋਇਆ ਹੋਣਾ ਚਾਹੀਦਾ ਹੈ। ਤੁਸੀਂ ਹੋ ਬ੍ਰਾਹਮਣੀਆਂ। ਤੁਹਾਡੇ ਯਾਦਗਾਰ ਦੇਵੀਆਂ ਦੇ ਰੂਪ ਵਿੱਚ ਹਨ। ਤੁਸੀਂ ਸ਼੍ਰੀਮਤ ਤੇ ਖੁਦ ਪਾਵਨ ਬਣਦੇ ਹੋ ਤਾਂ ਇਹ ਮਾਲਾ ਫਸਟ ਬ੍ਰਾਹਮਣਾਂ ਦੀ ਸਮਝੀ ਜਾਵੇ ਫਿਰ ਦੇਵਤਾਵਾਂ ਦੀ। ਵਿਚਾਰ ਸਾਗਰ ਮੰਥਨ ਕਰਨ ਨਾਲ ਰਿਜਲਟ ਨਿਕਲੇਗੀ। ਜਦੋਂ ਆਤਮਾਵਾਂ ਸਾਲੀਗ੍ਰਾਮ ਰੂਪ ਵਿੱਚ ਹੈ ਤਾਂ ਪੂਜੀ ਜਾਂਦੀ ਹੈ। ਸ਼ਿਵ ਦੀ ਪੂਜਾ ਹੁੰਦੀ ਹੈ ਤਾਂ ਸਾਲੀਗ੍ਰਾਮ ਦੀ ਵੀ ਹੁੰਦੀ ਹੈ ਕਿਉਂਕਿ ਆਤਮਾ ਪਵਿੱਤਰ ਹੈ, ਸ਼ਰੀਰ ਨਹੀਂ। ਸਿਮਰਨ ਸਿਰਫ ਤੁਹਾਡਾ ਕੀਤਾ ਜਾਂਦਾ ਹੈ ਕਿਉਂ? ਤੁਸੀਂ ਸ਼ਰੀਰ ਦੇ ਨਾਲ ਸੇਵਾ ਕਰਦੇ ਹੋ। ਤੁਹਾਡੀ ਪੂਜਾ ਨਹੀਂ ਹੋ ਸਕਦੀ। ਫਿਰ ਜਦੋਂ ਸ਼ਰੀਰ ਛੱਡਦੇ ਹੋ ਤਾਂ ਤੁਸੀਂ ਵੀ ਸ਼ਿਵ ਦੇ ਨਾਲ ਪੂਜੇ ਜਾਂਦੇ ਹੋ। ਵਿਚਾਰ ਕੀਤਾ ਜਾਂਦਾ ਹੈ ਨਾ। ਤੁਸੀਂ ਇਸ ਸਮੇਂ ਬ੍ਰਾਹਮਣ ਹੋ। ਸ਼ਿਵਬਾਬਾ ਵੀ ਬ੍ਰਹਮਾ ਵਿੱਚ ਆਉਂਦੇ ਹਨ ਤਾਂ ਬ੍ਰਹਮਾ ਵੀ ਸਾਕਾਰ ਵਿੱਚ ਹੈ। ਤੁਸੀਂ ਮਿਹਨਤ ਕਰਦੇ ਹੋ। ਇਹ ਮਾਲਾ ਜਿਵੇਂ ਸਾਕਾਰੀ ਹੈ। ਬ੍ਰਹਮਾ ਸਰਸਵਤੀ ਅਤੇ ਤੁਸੀਂ ਗਿਆਨ ਗੰਗਾਵਾਂ ਹੋ। ਤੁਸੀਂ ਭਾਰਤ ਨੂੰ ਸ੍ਵਰਗ ਬਣਾਇਆ, ਇਹ ਰੁਦ੍ਰ ਯਗਿਆ ਰਚਿਆ। ਜੋ ਪੂਜਾ ਕਰਦੇ ਹਨ ਉਸ ਵਿੱਚ ਸਿਰਫ ਸ਼ਿਵ ਅਤੇ ਸਾਲੀਗ੍ਰਾਮ ਹੁੰਦੇ ਹਨ। ਉਨ੍ਹਾਂ ਵਿੱਚ ਬ੍ਰਹਮਾ ਸਰਸਵਤੀ ਦਾ ਅਤੇ ਤੁਸੀਂ ਬੱਚਿਆਂ ਦਾ ਨਾਮ ਨਹੀਂ ਹੈ। ਇੱਥੇ ਤਾਂ ਸਭ ਦਾ ਨਾਮ ਹੈ। ਤੁਹਾਡਾ ਸਿਮਰਨ ਕਰਦੇ ਹਨ। ਕੌਣ - ਕੌਣ ਗਿਆਨ ਗੰਗਾਵਾਂ ਸੀ। ਉਹ ਤਾਂ ਹੈ ਗਿਆਨ ਸਾਗਰ। ਇਹ ਹੈ ਬ੍ਰਹਮਪੁਤਰਾ ਵੱਡੀ ਨਦੀ। ਇਹ ਬ੍ਰਹਮਾ ਮਾਤਾ ਵੀ ਹੈ। ਸਾਗਰ ਇੱਕ ਹੈ, ਬਾਕੀ ਗੰਗਾਵਾਂ ਤਾਂ ਕਿਸਮ - ਕਿਸਮ ਦੀ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਨੰਬਰਵਾਰ ਜਿਨ੍ਹਾਂ ਵਿੱਚ ਚੰਗਾ ਗਿਆਨ ਹੈ, ਉਨ੍ਹਾਂ ਨੂੰ ਸਰੋਵਰ ਕਿਹਾ ਜਾਂਦਾ ਹੈ। ਮਹਿਮਾ ਵੀ ਹੈ। ਕਹਿੰਦੇ ਹਨ ਮਾਨਸਰੋਵਰ ਵਿੱਚ ਸ਼ਨਾਨ ਕਰਨ ਨਾਲ ਪਰਿਜਾਦਾ ਬਣ ਜਾਂਦੇ ਹਨ। ਤਾਂ ਤੁਹਾਡੀ ਮਾਲਾ ਸਿਮਰੀ ਜਾਂਦੀ ਹੈ। ਸਿਮਰਨੀ ਕਹਿੰਦੇ ਹੈ ਨਾ। ਸਿਮਰਨ ਕਰੋ, ਉਹ ਤਾਂ ਸਿਰਫ ਰਾਮ - ਰਾਮ ਕਹਿੰਦੇ ਹਨ। ਪਰ ਤੁਸੀਂ ਜਾਣਦੇ ਹੋ ਸਿਮਰਨ ਕਿਸ ਦਾ ਹੋਵੇਗਾ? ਜੋ ਜਾਸਤੀ ਸਰਵਿਸ ਕਰਦੇ ਹਨ। ਪਹਿਲੇ ਤਾਂ ਬਾਬਾ ਹੈ ਫੁਲ ਫਿਰ ਮੇਰੂ, ਜੋ ਬਹੁਤ ਮਿਹਨਤ ਕਰਦੇ ਹਨ ਫਿਰ ਰੁਦ੍ਰ ਮਾਲਾ ਸੋ ਵਿਸ਼ਨੂੰ ਦੀ ਮਾਲਾ ਬਣਦੀ ਹੈ। ਤੁਹਾਡੀ ਸਿਰਫ ਆਤਮਾ ਪੂਜੀ ਜਾਂਦੀ ਹੈ। ਤੁਸੀਂ ਹੁਣ ਸਿਮਰਨ ਲਾਇਕ ਹੋ। ਸਿਮਰਨੀ ਤੁਹਾਡੀ ਹੈ। ਬਾਕੀ ਪੂਜਾ ਨਹੀਂ ਹੋ ਸਕਦੀ ਹੈ ਕਿਉਂਕਿ ਆਤਮਾ ਪਵਿੱਤਰ ਸ਼ਰੀਰ ਅਪਵਿੱਤਰ ਹੈ। ਅਪਵਿੱਤਰ ਚੀਜ਼

ਕਦੀ ਪੂਜੀ ਨਹੀਂ ਜਾਂਦੀ। ਜਦੋਂ ਰੁਦ੍ਰ ਮਾਲਾ ਬਣਨ ਲਾਇਕ ਬਣ ਜਾਂਦੇ ਹੋ ਫਿਰ ਅੰਤ ਵਿੱਚ ਤੁਸੀਂ ਸ਼ੁੱਧ ਬਣ ਜਾਂਦੇ ਹੋ। ਤੁਹਾਨੂੰ ਸਾਕਸ਼ਾਤਕਾਰ ਹੋਵੇਗਾ ਪਾਸ ਵਿਦ ਓਨਰ ਕੌਣ - ਕੌਣ ਹੁੰਦੇ ਹਨ। ਸਰਵਿਸ ਕਰਨ ਨਾਲ ਨਮਾਚਾਰ ਬਹੁਤ ਹੋ ਜਾਂਦਾ ਹੈ। ਪਤਾ ਪੈਂਦਾ ਜਾਵੇਗਾ - ਵਿਜੇ ਮਾਲਾ ਵਿੱਚ ਨੰਬਰਵਾਰ ਕੌਣ - ਕੌਣ ਆਏਗਾ! ਇਹ ਗੱਲਾਂ ਬਹੁਤ ਗੂੜੀਆਂ ਹਨ।

ਮਨੁੱਖ ਤਾਂ ਸਿਰਫ ਰਾਮ - ਰਾਮ ਕਹਿੰਦੇ ਹਨ। ਕ੍ਰਿਸ਼ਚਨ ਲੋਕ ਕ੍ਰਾਈਸਟ ਨੂੰ ਯਾਦ ਕਰਦੇ ਹਨ। ਮਾਲਾ ਕਿਸ ਦੀ ਹੋਵੇਗੀ? ਗੌਡ ਤਾਂ ਇੱਕ ਹੈ। ਬਾਕੀ ਜੋ ਕੋਲ ਬੈਠੇ ਹਨ ਉਨ੍ਹਾਂ ਦੀ ਮਾਲਾ ਬਣਦੀ ਹੋਵੇਗੀ। ਇਸ ਮਾਲਾ ਨੂੰ ਤੁਸੀਂ ਹੁਣ ਸਿਰਫ ਸਮਝ ਸਕਦੇ ਹੋ। ਆਪਣੇ ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲੇ ਹੀ ਨਹੀਂ ਸਮਝ ਸਕਦੇ ਤਾਂ ਹੋਰ ਕਿਵੇਂ ਸਮਝਣਗੇ। ਸਭ ਨੂੰ ਪਤਿਤ ਤੋਂ ਪਾਵਨ ਬਣਾਉਣ ਵਾਲਾ ਤਾਂ ਇੱਕ ਹੀ ਬਾਪ ਹੈ। ਕ੍ਰਾਈਸਟ ਦੇ ਲਈ ਇਵੇਂ ਨਹੀਂ ਕਹਾਂਗੇ ਕਿ ਉਹ ਪਤਿਤ ਨੂੰ ਪਾਵਨ ਬਣਾਉਣ ਵਾਲਾ ਹੈ। ਉਨ੍ਹਾਂ ਨੂੰ ਜਨਮ - ਮਰਨ ਵਿੱਚ ਆਕੇ ਥੱਲੇ ਉਤਰਨਾ ਹੀ ਹੈ। ਅਸਲ ਵਿੱਚ ਉਨ੍ਹਾਂ ਨੂੰ ਗੁਰੂ ਵੀ ਨਹੀਂ ਕਹਾਂਗੇ ਕਿਓਂਕਿ ਸਰਵ ਦਾ ਸਦਗਤੀ ਦਾਤਾ ਇੱਕ ਹੀ ਬਾਪ ਹੈ। ਸੋ ਤਾਂ ਜੱਦ ਅੰਤ ਹੋਵੇ, ਝਾੜ ਜੜ੍ਹਜੜੀਭੂਤ ਹੋਵੇ ਤਾਂ ਬਾਪ ਆਕੇ ਸਭ ਨੂੰ ਸਦਗਤੀ ਦਿੰਦੇ ਹਨ। ਆਤਮਾ ਉੱਪਰ ਤੋਂ ਆਉਂਦੀ ਹੈ ਧਰਮ ਦੀ ਸਥਾਪਨਾ ਕਰਨ। ਉਨ੍ਹਾਂ ਨੂੰ ਤਾਂ ਜਨਮ - ਮਰਨ ਵਿੱਚ ਆਉਣਾ ਹੈ। ਸੱਚਾ ਸਤਿਗੁਰੂ ਮਨੁੱਖ ਕੋਈ ਹੋ ਨਹੀਂ ਸਕਦਾ। ਉਹ ਸਰਵ ਦੇ ਸਦਗਤੀ ਦਾਤਾ ਹੈ। ਸੱਚਾ ਸਤਿਗੁਰੂ ਮਨੁੱਖ ਕੋਈ ਹੋ ਨਾ ਸਕੇ। ਉਹ ਤਾਂ ਸਿਰਫ ਆਉਂਦੇ ਹੀ ਹਨ ਧਰਮ ਸਥਾਪਨ ਕਰਨ, ਉਨ੍ਹਾਂ ਦੇ ਪਿਛਾੜੀ ਸਭ ਆਉਣ ਲਗਦੇ ਹਨ ਪਾਰ੍ਰ ਵਜਾਉਣ। ਜਦੋਂ ਸਭ ਤਮੋਪ੍ਰਧਾਨ ਅਵਸਥਾ ਨੂੰ ਪਾਉਂਦੇ ਹਨ ਉਦੋਂ ਮੈਂ ਆਕੇ ਸਰਵ ਦੀ ਸਦਗਤੀ ਕਰਦਾ ਹਾਂ। ਸਭ ਵਾਪਿਸ ਜਾਂਦੇ ਹਨ ਫਿਰ ਨਵੇ ਸਿਰੇ ਚੱਕਰ ਸ਼ੁਰੂ ਹੁੰਦਾ ਹੈ। ਤੁਸੀਂ ਰਾਜਯੋਗ ਸਿੱਖਦੇ ਹੋ। ਉਹ ਹੀ ਰਾਜਾਈ ਪਾਉਣਗੇ ਫਿਰ ਰਾਜਾ ਬਣਨ ਜਾਂ ਪ੍ਰਜਾ ਬਣੇ। ਪ੍ਰਜਾ ਤਾਂ ਢੇਰ ਬਣਦੀ ਹੈ। ਮਿਹਨਤ ਹੈ ਰਜਾਈ ਪਦਵੀ ਪਾਉਣ ਦੀ। ਅੰਤ ਵਿੱਚ ਪੂਰਾ ਪਤਾ ਪਵੇਗਾ। ਕੌਣ ਵਿਜੇ ਮਾਲਾ ਵਿੱਚ ਪਿਰੋਏ ਜਾਂਦੇ ਹਨ। ਅਨਪੜ੍ਹ ਪੜ੍ਹੇ ਦੇ ਅੱਗੇ ਭਰੀ ਢੋਣਗੇ। ਸਤਿਯੁਗ ਵਿੱਚ ਆਉਣਗੇ ਪਰ ਨੌਕਰ ਚਾਕਰ ਬਣਨਾ ਪਵੇਗਾ। ਇਹ ਸਭ ਨੂੰ ਪਤਾ ਪੈ ਜਾਏਗਾ। ਜਿਵੇਂ ਇਮਤਿਹਾਨ ਦੇ ਦਿਨਾਂ ਵਿੱਚ ਸਭ ਨੂੰ ਪਤਾ ਪੈ ਜਾਂਦਾ ਹੈ ਕੌਣ - ਕੌਣ ਫੇਲ ਹੋਣਗੇ। ਪੜ੍ਹਾਈ ਤੇ ਅਟੈਂਸ਼ਨ ਨਹੀਂ ਹੁੰਦਾ ਹੈ ਤਾਂ ਫੇਲ ਹੋ ਜਾਂਦੇ ਹਨ। ਤੁਹਾਡੀ ਇਹ ਹੈ ਬੇਹੱਦ ਦੀ ਪੜ੍ਹਾਈ। ਈਸ਼ਵਰੀ ਵਿਸ਼ਵ ਵਿਦਿਆਲਿਆ ਤਾਂ ਇੱਕ ਹੈ, ਜਿੱਥੇ ਮਨੁੱਖ ਤੋਂ ਦੇਵਤਾ ਬਣਨਾ ਹੈ, ਉਸ ਵਿੱਚ ਨੰਬਰਵਾਰ ਪਾਸ ਹੁੰਦੇ ਹਨ। ਪੜ੍ਹਾਈ ਇੱਕ ਹੀ ਰਾਜਯੋਗ ਦੀ ਹੈ।, ਰਾਜਾਈ ਪਦਵੀ ਪਾਉਣ ਵਿੱਚ ਮਿਹਨਤ ਹੈ ਅਤੇ ਸਰਵਿਸ ਵੀ ਕਰਨੀ ਹੈ। ਰਾਜਾ ਜੋ ਬਣਨਗੇ ਉਨ੍ਹਾਂ ਨੂੰ ਫਿਰ ਆਪਣੀ ਪ੍ਰਜਾ ਵੀ ਬਣਾਉਣੀ ਪਵੇ। ਚੰਗੀ - ਚੰਗੀ ਬੱਚੀਆਂ ਵੱਡੇ - ਵੱਡੇ ਸੈਂਟਰਜ਼ ਸੰਭਾਲਦੀਆਂ ਹਨ, ਬਹੁਤ ਪ੍ਰਜਾ ਬਣਾਉਂਦੀਆਂ ਹਨ। ਬਾਬਾ ਵੀ ਕਹਿੰਦੇ ਹਨ ਵੱਡਾ ਬਗੀਚਾ ਬਣਾਓ ਤਾਂ ਬਾਬਾ ਵੀ ਆਕੇ ਵੇਖਣ। ਅਜੇ ਤਾਂ ਬਹੁਤ ਛੋਟਾ ਹੈ। ਬੋਮਬੇ ਵਿੱਚ ਤਾਂ ਲੱਖਾਂ ਹੋ ਜਾਣਗੇ। ਸੂਰਜਵੰਸ਼ੀ ਤਾਂ ਸਾਰੀ ਡਾਈਨੈਸਟੀ ਹੁੰਦੀ ਹੈ ਤਾਂ ਢੇਰ ਹੋ ਜਾਣਗੇ। ਜੋ ਮਿਹਨਤ ਕਰਦੇ ਹਨ ਉਹ ਰਾਜਾ ਬਣਦੇ ਹਨ ਬਾਕੀ ਤਾਂ ਪ੍ਰਜਾ ਬਣਦੀ ਜਾਵੇਗੀ। ਗਾਇਆ ਵੀ ਹੋਇਆ ਹੈ ਹੇ ਪ੍ਰਭੂ ਤੇਰੀ ਸਦਗਤੀ ਦੀ ਲੀਲਾ। ਤੁਸੀਂ ਕਹਿੰਦੇ ਵਾਹ ਬਾਬਾ! ਤੁਹਾਡੀ ਗਤਿ ਮਤ... ਸਰਵ ਦੇ ਸਦਗਤੀ ਕਰਨ ਦੀ ਸ਼੍ਰੀਮਤ, ਇਹ ਸਭ ਤੋਂ ਨਿਆਰੀ ਹੈ। ਬਾਪ ਨਾਲ ਲੈ ਜਾਂਦੇ ਹਨ, ਛੱਡ ਨਹੀਂ ਜਾਂਦੇ ਹਨ। ਨਿਰਾਕਾਰੀ, ਆਕਾਰੀ, ਸਾਕਾਰੀ ਲੋਕ ਨੂੰ ਵੀ ਨਹੀਂ ਜਾਣਦੇ । ਸਿਰਫ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਨੂੰ ਜਾਨਣਾ ਉਹ ਵੀ ਕੰਮਪਲੀਟ ਨਾਲੇਜ ਨਹੀਂ। ਪਹਿਲੇ ਤਾਂ ਮੂਲਵਤਨ ਨੂੰ ਜਾਨਣਾ ਪਵੇ। ਜਿੱਥੇ ਅਸੀਂ ਆਤਮਾਵਾਂ ਰਹਿੰਦੀਆਂ ਹਾਂ। ਇਸ ਸਾਰੇ ਸ੍ਰਿਸ਼ਟੀ ਚੱਕਰ ਨੂੰ ਜਾਨਣ ਨਾਲ ਤੁਸੀਂ ਚੱਕਰਵਰਤੀ ਰਾਜਾ ਬਣਦੇ ਹੋ। ਇਹ ਸਭ ਕਿੰਨੀਆਂ ਸਮਝਣ ਦੀਆਂ ਗੱਲਾਂ ਹਨ। ਉਹ ਤਾਂ ਕਹਿ ਦਿੰਦੇ ਸ਼ਿਵ ਨਾਮ ਰੂਪ ਤੋਂ ਨਿਆਰਾ ਹੈ। ਚਿੱਤਰ ਵੀ ਹੈ ਫਿਰ ਵੀ ਕਹਿੰਦੇ ਹਨ ਨਾਮ ਰੂਪ ਤੋਂ ਨਿਆਰਾ। ਫਿਰ ਕਹਿ ਦਿੰਦੇ ਸਰਵਵਿਆਪੀ ਹੈ। ਇੱਕ ਐਮ. ਪੀ. ਨੇ ਕਿਹਾ ਸੀ ਕਿ ਇਹ ਮੈਂ ਨਹੀਂ ਮੰਨਦਾ ਕਿ ਈਸ਼ਵਰ ਸਰਵਵਿਆਪੀ ਹੈ। ਮਨੁੱਖ ਇੱਕ ਦੋ ਨੂੰ ਮਾਰਦੇ ਹਨ, ਕੀ ਇਹ ਈਸ਼ਵਰ ਦਾ ਕੰਮ ਹੈ? ਅੱਗੇ ਚੱਲਕੇ ਇਨ੍ਹਾਂ ਗੱਲਾਂ ਨੂੰ ਸਮਝਣਗੇ। ਜਦੋਂ ਤੁਹਾਡੀ ਵੀ ਵ੍ਰਿਧੀ ਹੋਵੇਗੀ। ਬਾਬਾ ਨੇ ਰਾਤ ਨੂੰ ਵੀ ਸਮਝਿਆ ਜੋ ਆਪਣੇ ਨੂੰ ਹੁਸ਼ਿਆਰ ਸਮਝਦੇ ਹਨ ਉਹ ਇਵੇਂ - ਇਵੇਂ ਪੱਤਰ ਲਿਖਣ। ਇਹ ਪੂਰੀ ਨਾਲੇਜ ਕੀ ਹੈ, ਉਨ੍ਹਾਂ ਨੂੰ ਸਮਝਾਉਣਾ ਚਾਹੀਦਾ ਹੈ। ਲਿਖ ਸਕਦੇ ਹੋ ਅਸੀਂ ਪੂਰੀ ਨਾਲੇਜ ਦੇ ਸਕਦੇ ਹਾਂ। ਮੂਲਵਤਨ ਦੀ ਨਾਲੇਜ ਦੇ ਸਕਦੇ ਹਾਂ। ਨਿਰਾਕਾਰ ਬਾਪ ਦਾ ਵੀ ਪਰਿਚੈ ਦੇ ਸਕਦੇ ਹਾਂ ਫਿਰ ਪ੍ਰਜਾਪਿਤਾ ਬ੍ਰਹਮਾ ਤੇ ਉਨ੍ਹਾਂ ਦੇ ਬ੍ਰਾਹਮਣ ਧਰਮ ਦੇ ਬਾਰੇ ਵਿੱਚ ਵੀ ਸਮਝਾ ਸਕਦੇ ਹਾਂ। ਲਕਸ਼ਮੀ - ਨਾਰਾਇਣ ਫਿਰ ਰਾਮ ਸੀਤਾ ਉਨ੍ਹਾਂ ਦੀ ਡਾਈਨੈਸਟੀ ਕਿਵੇਂ ਚਲਦੀ ਹੈ, ਫਿਰ ਉਨ੍ਹਾਂ ਤੋਂ ਰਾਜਾਈ ਕੌਣ ਖੋਹਦੇਂ ਹਨ, ਉਹ ਸ੍ਵਰਗ ਕਿੱਥੇ ਗਿਆ। ਜਿਵੇਂ ਕਿਹਾ ਜਾਂਦਾ ਹੈ ਨਰਕ ਕਿੱਥੇ ਗਿਆ? ਖਤਮ ਹੋ ਗਿਆ। ਸ੍ਵਰਗ ਵੀ ਖਤਮ ਹੋ ਜਾਵੇਗਾ। ਉਸ ਸਮੇਂ ਵੀ ਅਰਥਕਵੇਕ ਆਦਿ ਹੁੰਦੀ ਹੈ। ਉਹ ਹੀਰੇ ਜਵਾਹਰਾਤ ਦੇ ਮਹਿਲ ਆਦਿ ਇਵੇਂ ਚਲੇ ਗਏ ਜੋ ਕੋਈ ਕੱਢ ਨਾ ਸਕਣ। ਸੋਨੇ ਹੀਰੇ ਜਵਾਹਰਾਤ ਦੇ ਮਹਿਲ ਕਦੀ ਥੱਲੇ ਤੋਂ ਨਿਕਲੇ ਨਹੀਂ ਹਨ। ਸੋਮਨਾਥ ਆਦਿ ਦਾ ਮੰਦਿਰ ਤਾਂ ਬਾਦ ਵਿੱਚ ਬਣਿਆ ਹੈ, ਉਨ੍ਹਾਂ ਤੋਂ ਤਾਂ ਉਨ੍ਹਾਂ ਦੇ ਘਰ ਉੱਚ ਹੋਣਗੇ। ਲਕਸ਼ਮੀ - ਨਾਰਾਇਣ ਦਾ ਘਰ ਕਿਵੇਂ ਦਾ ਹੋਵੇਗਾ? ਉਹ ਸਾਰੀ ਮਿਲਕੀਯਤ ਕਿੱਥੇ ਗਈ? ਇਵੇਂ - ਇਵੇਂ ਗੱਲਾਂ ਜਦੋਂ ਵਿਦਵਾਨ ਸੁਣਨਗੇ ਤਾਂ ਵੰਡਰ ਖਾਣਗੇ, ਤਾਂ ਇਨ੍ਹਾਂ ਦੀ ਨਾਲੇਜ ਜਬਰਦਸਤ ਹੈ। ਮਨੁੱਖ ਤਾਂ ਕੁਝ ਵੀ ਨਹੀਂ ਜਾਣਦੇ ਸਿਰਫ ਸਰਵਵਿਆਪੀ ਕਹਿ ਦਿੰਦੇ ਹਨ। ਇਹ ਸਭ ਸਮਝਣ ਦੀਆਂ ਅਤੇ ਸਮਝਾਉਣ ਦੀ ਗੱਲਾਂ ਹਨ। ਤੁਹਾਨੂੰ ਧਨ ਮਿਲਦਾ ਹੈ ਫਿਰ ਦਾਨ ਕਰਨਾ ਹੈ। ਬਾਬਾ ਤੁਹਾਨੂੰ ਦਿੰਦੇ ਜਾਂਦੇ ਹਨ, ਤੁਸੀਂ ਵੀ ਦਿੰਦੇ ਜਾਓ। ਇਹ ਅਖੁੱਟ ਖਜਾਨਾ ਹੈ, ਸਾਰਾ ਮਦਾਰ ਧਾਰਨਾ ਤੇ ਹੈ। ਜਿੰਨੀ ਧਾਰਨਾ ਕਰਨਗੇ ਉਨਾ ਉੱਚ ਪਦਵੀ ਪਾਉਣਗੇ। ਖਿਆਲ ਕਰੋ ਕਿੱਥੇ ਕੌਡੀ, ਕਿੱਥੇ ਹੀਰਾ। ਹੀਰੇ ਦਾ ਮੁੱਲ ਸਭ ਤੋਂ ਜਾਸਤੀ ਹੈ। ਕੌਡੀ ਦਾ ਮੁੱਲ ਸਭ ਤੋਂ ਘੱਟ। ਹੁਣ ਤੁਸੀਂ ਕੌਡੀ ਤੋਂ ਹੀਰਾ ਬਣਦੇ ਹੋ। ਇਹ ਗੱਲਾਂ ਕਦੀ ਕਿਸੇ ਦੇ ਸੁਪਨੇ ਵਿੱਚ ਵੀ ਨਾ ਆਉਣ। ਸਿਰਫ ਸਮਝਣਗੇ ਬਰੋਬਰ ਲਕਸ਼ਮੀ - ਨਾਰਾਇਣ ਦਾ ਰਾਜ ਸੀ, ਜੋ ਹੋਕੇ ਗਏ ਹਨ। ਬਾਕੀ ਇਹ ਰਾਜ ਕਦੋਂ ਕਿਸਨੇ ਦਿੱਤਾ, ਇਹ ਕੁਝ ਨਹੀਂ ਜਾਣਦੇ। ਰਾਜਾਈ ਕਿਸਨੇ ਦਿੱਤੀ ? ਇੱਥੇ ਤਾਂ ਕੁਝ ਵੀ ਨਹੀਂ ਹੈ। ਰਾਜਯੋਗ ਨਾਲ ਸਵਰਗ ਦੀ ਰਾਜਾਈ ਮਿਲਦੀ ਹੈ। ਇਹ ਵੰਡਰ ਹੈ ਨਾ।

ਚੰਗੀ ਤਰ੍ਹਾਂ ਬੱਚਿਆਂ ਦੀ ਬੁੱਧੀ ਵਿੱਚ ਨਸ਼ਾ ਰਹਿਣਾ ਚਾਹੀਦਾ ਹੈ। ਪਰੰਤੂ ਮਾਇਆ ਫਿਰ ਉਹ ਸਥਾਈ ਨਸ਼ਾ ਰਹਿਣ ਨਹੀਂ ਦਿੰਦੀ ਹੈ। ਅਸੀਂ ਸ਼ਿਵਬਾਬਾ ਦੇ ਬੱਚੇ ਹਾਂ। ਇਹ ਨਾਲੇਜ ਪੜ੍ਹਕੇ ਅਸੀਂ ਵਿਸ਼ਵ ਦੇ ਮਾਲਿਕ ਬਣਾਂਗੇ। ਇਹ ਕਦੇ ਕਿਸੇ ਦੀ ਬੁੱਧੀ ਵਿੱਚ ਆਉਂਦਾ ਹੋਵੇਗਾ ਕੀ! ਤਾਂ ਬਾਪ ਸਮਝਾਉਂਦੇ ਹਨ ਬੱਚਿਆਂ ਨੂੰ ਕਿੰਨੀ ਮਿਹਨਤ ਕਰਨੀ ਚਾਹੀਦੀ ਹੈ। ਗੁਰੂ ਦਾ ਨਿੰਦਕ ਠੋਰ ਨਾ ਪਾਵੇ। ਇਹ ਇਥੋਂ ਦੀ ਗੱਲ ਹੈ। ਉਨ੍ਹਾਂ ਦੀ ਤੇ ਐਮ ਅਬਜੈਕਟ ਹੀ ਨਹੀਂ ਹੈ। ਤੁਹਾਡੀ ਤੇ ਐਮ ਅਬਜੈਕਟ ਹੈ। ਬਾਪ, ਟੀਚਰ, ਗੁਰੂ ਤਿੰਨੋਂ ਹੀ ਹਨ। ਤੁਸੀਂ ਜਾਣਦੇ ਹੋ ਇਸ ਪੜ੍ਹਾਈ ਨਾਲ ਅਸੀਂ ਵਿਸ਼ਵ ਦੇ ਮਾਲਿਕ ਬਣਦੇ ਹਾਂ। ਕਿੰਨੀ ਖਬਰਦਾਰੀ ਨਾਲ ਪੜ੍ਹਨਾ ਅਤੇ ਪੜ੍ਹਾਉਣਾ ਚਾਹੀਦਾ ਹੈ। ਅਜਿਹੀ ਕੋਈ ਗੱਲ ਨਾ ਹੋਵੇ ਜੋ ਨਿੰਦਾ ਕਰਵਾ ਦੇਵੇ। ਨਾ ਕਿਸੇ ਨਾਲ ਲੜ੍ਹਨਾ ਝਗੜ੍ਹਨਾ ਹੈ। ਸਭ ਨਾਲ ਮਿੱਠਾ ਬੋਲਣਾ ਹੈ। ਬਾਪ ਦਾ ਪਰਿਚੈ ਦੇਣਾ ਹੈ। ਬਾਬਾ ਕਹਿੰਦੇ ਹਨ ਦੇ ਦਾਨ ਤਾਂ ਛੁੱਟੇ ਗ੍ਰਹਿਣ। ਨੰਬਰਵਨ ਦਾਨ ਹੈ ਦੇਹ - ਅਭਿਮਾਨ। ਇਸ ਸਮੇਂ ਤਾਂ ਤੁਸੀਂ ਆਤਮ - ਅਭਿਮਾਨੀ ਹੋ ਅਤੇ ਪਰਮਾਤਮ - ਅਭਿਮਾਨੀ ਬਣਦੇ ਹੋ। ਇਹ ਅਮੁੱਲ ਜੀਵਨ ਹੈ। ਬਾਪ ਕਹਿੰਦੇ ਹਨ ਕਲਪ - ਕਲਪ ਮੈਂ ਤੁਹਾਨੂੰ ਇਸ ਤਰ੍ਹਾਂ ਪੜ੍ਹਾਉਣ ਆਉਂਦਾ ਹਾਂ। ਫਿਰ ਤੁਸੀਂ ਭੁੱਲ ਜਾਂਦੇ ਹੋ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਭ ਨਾਲ ਮਿੱਠਾ ਬੋਲਣਾ, ਅਜਿਹੀ ਕੋਈ ਗੱਲ ਨਹੀਂ ਕਰਨੀ ਹੈ, ਜਿਸ ਨਾਲ ਬਾਪ ਦੀ ਨਿੰਦਾ ਹੋਵੇ। ਦੇਹ - ਅਭਿਮਾਨ ਦਾ ਦਾਨ ਕਰ ਆਤਮ - ਅਭਿਮਾਨੀ ਅਤੇ ਪਰਮਾਤਮ - ਅਭਿਮਾਨੀ ਬਣਨਾ ਹੈ।

2. ਜੋ ਗਿਆਨ ਧਨ ਮਿਲਦਾ ਹੈ, ਉਸਦਾ ਦਾਨ ਕਰਨਾ ਹੈ, ਪੜ੍ਹਾਈ ਤੋਂ ਰਾਜਾਈ ਮਿਲਦੀ ਹੈ ਇਸ ਨਸ਼ੇ ਵਿੱਚ ਸਥਾਈ ਰਹਿਣਾ ਹੈ। ਅਟੈਂਸ਼ਨ ਦੇਕੇ ਪੜ੍ਹਾਈ ਪੜ੍ਹਨੀ ਹੈ।

ਵਰਦਾਨ:- ਸਾਕਸ਼ੀਪਨ ਦੀ ਸੀਟ ਦ੍ਵਾਰਾ ਪ੍ਰੇਸ਼ਾਨੀ ਸ਼ਬਦ ਨੂੰ ਸਮਾਪਤ ਕਰਨ ਵਾਲੇ ਮਾਸਟਰ ਤ੍ਰਿਕਾਲਦ੍ਰਸ਼ੀ ਭਵ।

ਇਸ ਡਰਾਮੇ ਵਿੱਚ ਜੋ ਕੁਝ ਵੀ ਹੁੰਦਾ ਹੈ ਉਸ ਵਿੱਚ ਕਲਿਆਣ ਭਰਿਆ ਹੋਇਆ ਹੈ, ਕਿਉਂ, ਕੀ, ਦਾ ਕੁਵਸ਼ਚਨ ਸਮਝਦਾਰ ਦੇ ਅੰਦਰ ਉੱਠ ਨਹੀਂ ਸਕਦਾ। ਨੁਕਸਾਨ ਵਿਚ ਵੀ ਕਲਿਆਣ ਸਮਾਇਆ ਹੋਇਆ ਹੈ, ਬਾਪ ਦਾ ਸਾਥ ਅਤੇ ਹੱਥ ਹੈ ਤਾਂ ਅਕਲਿਆਣ ਹੋ ਨਹੀਂ ਸਕਦਾ। ਇਵੇਂ ਸ਼ਾਨ ਦੀ ਸੀਟ ਤੇ ਰਹੋ ਤਾਂ ਕਦੇ ਪ੍ਰੇਸ਼ਾਨ ਨਹੀਂ ਹੋ ਸਕਦੇ। ਸਾਕਸ਼ੀਪਨ ਦੀ ਸੀਟ ਪ੍ਰੇਸ਼ਾਨੀ ਸ਼ਬਦ ਨੂੰ ਖਤਮ ਕਰ ਦਿੰਦੀ ਹੈ, ਇਸਲਈ ਤ੍ਰਿਕਾਲਦ੍ਰਸ਼ੀ ਬਣ ਪ੍ਰਤਿਗਿਆ ਕਰੋ ਨਾ ਪ੍ਰੇਸ਼ਾਨ ਹੋਵਾਂਗੇ। ਨਾ ਪ੍ਰੇਸ਼ਾਨ ਕਰਾਂਗੇ।

ਸਲੋਗਨ:- ਆਪਣੀ ਸਰਵ ਕਰਮੁੰਦ੍ਰਿਆਂ ਨੂੰ ਆਰਡਰ ਪ੍ਰਮਾਣ ਚਲਾਉਣਾ ਹੀ ਸਵਰਾਜ ਅਧਿਕਾਰੀ ਬਣਨਾ ਹੈ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਰ ਕਰ ਸਦਾ ਨਿਰਭੇ ਅਤੇ ਨਿਸ਼ਚਿੰਤ ਰਹੋ"

ਨਿਸ਼ਚੇਬੁੱਧੀ ਦਾ ਅਰਥ ਹੈ ਬੇਫ਼ਿਕਰ ਬਾਦਸ਼ਾਹ। ਉਹ ਹੀ ਬਾਪ ਸਮਾਨ ਹੈ। ਵਿਨਾਸ਼ੀ ਧਨ ਵਾਲੇ ਜਿਨਾਂ ਕਮਾਉਂਦੇ ਉਣਾਂ ਸਮੇਂ ਪ੍ਰਮਾਣ ਫ਼ਿਕਰ ਵਿਚ ਰਹਿੰਦੇ। ਲੇਕਿਨ ਜਿਨ੍ਹਾਂ ਨੂੰ ਫੇਥ ਹੈ ਕਿ ਅਸੀਂ ਈਸ਼ਵਰੀਯ ਖਜਾਨਿਆਂ ਦੇ ਮਾਲਿਕ ਅਤੇ ਪਰਮਾਤਮ ਬਾਲਿਕ ਹਾਂ ਉਹ ਸਦਾ ਹੀ ਸੁਪਨੇ ਵਿਚ ਵੀ ਬੇਫ਼ਿਕਰ ਬਾਦਸ਼ਾਹ ਹਨ, ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਹ ਈਸ਼ਵਰੀਯ ਖਜਾਨੇ ਇਸ ਜਨਮ ਵਿੱਚ ਤੇ ਕੀ ਅਨੇਕ ਜਨਮ ਨਾਲ ਹਨ। ਨਾਲ ਰਹਿਣਗੇ ਇਸਲਈ ਉਹ ਨਿਸ਼ਚੇਬੁੱਧੀ, ਨਿਸ਼ਚਿੰਤ ਰਹਿੰਦੇ ਹਨ।